

# ਕਵੀਨਸਲੈਂਡ ਰਾਜ ਦੇ ਸਕੂਲਾਂ 'ਚ ਅੰਗਰੇਜ਼ੀ ਭਾਸ਼ਾ ਸਬੰਧੀ ਸਹਾਇਤਾ ਬਾਰੇ ਜਾਣਕਾਰੀ

ਵਾਧੂ ਭਾਸ਼ਾ ਜਾਂ ਬੋਲੀ ਦੇ ਰੂਪ 'ਚ ਅੰਗਰੇਜ਼ੀ (EAL/D), ਜਿਸਨੂੰ ਪਹਿਲਾਂ ਦੂਜੀ ਭਾਸ਼ਾ ਦੇ ਰੂਪ 'ਚ ਅੰਗਰੇਜ਼ੀ (ESL) ਕਿਹਾ ਜਾਂਦਾ ਸੀ, ਉਨ੍ਹਾਂ ਸਿਖਿਆਰਥੀਆਂ ਨੂੰ ਅੰਗਰੇਜ਼ੀ ਪੜ੍ਹਾਉਣ ਨਾਲ ਸਬੰਧਤ ਸਿਖਿਆ ਦਾ ਵਿਸ਼ੇਸ਼ ਖੇਤਰ ਹੈ ਜੋ ਆਪਣੀ ਪਹਿਲੀ ਭਾਸ਼ਾ ਦੇ ਤੌਰ 'ਤੇ ਮਿਆਰੀ ਆਸਟ੍ਰੇਲੀਆਈ ਅੰਗਰੇਜ਼ੀ ਨਹੀਂ ਬੋਲਦੇ।

## ਕਵੀਨਸਲੈਂਡ 'ਚ EAL/D ਸਿਖਿਆਰਥੀ

EAL/D ਸਿਖਿਆਰਥੀ ਅੰਗਰੇਜ਼ੀ ਤੋਂ ਇਲਾਵਾ ਕੋਈ ਭਾਸ਼ਾ ਜਾਂ ਬੋਲੀ ਬੋਲਦੇ ਹਨ ਅਤੇ ਉਨ੍ਹਾਂ ਦੀ ਉਮਰ ਦੇ ਮੁਤਾਬਕ ਪਾਠਕ੍ਰਮ ਤਕ ਪਹੁੰਚ ਪ੍ਰਾਪਤ ਕਰਨ ਲਈ ਉਨ੍ਹਾਂਨੂੰ ਅੰਗਰੇਜ਼ੀ ਭਾਸ਼ਾ 'ਚ ਸਹਾਇਤਾ ਦੀ ਲੋੜ ਹੁੰਦੀ ਹੈ।

ਦੂਜੀਆਂ ਭਾਸ਼ਾਵਾਂ ਜਾਂ ਬੋਲੀਆਂ ਬੋਲਣ ਵਾਲੇ ਸਭ ਸਿਖਿਆਰਥੀ EAL/D ਸਿਖਿਆਰਥੀ ਨਹੀਂ ਹੁੰਦੇ ਕਿਉਂਕਿ ਹੋ ਸਕਦਾ ਹੈ ਸਕੂਲੀ ਪਾਠਕ੍ਰਮ 'ਚ ਅਸਰਦਾਰ ਤਰੀਕੇ ਨਾਲ ਹਿੱਸਾ ਲੈਣ ਲਈ ਉਨ੍ਹਾਂ ਕੋਲ ਬਥੇਰੀ ਮੁਹਾਰਤ ਹੋਵੇ।

EAL/D ਸਿਖਿਆਰਥੀਆਂ 'ਚ ਉਹ ਸ਼ਾਮਲ ਹੋ ਸਕਦੇ ਹਨ ਜੋ ਆਸਟ੍ਰੇਲੀਆ 'ਚ ਜਣਮੇ ਹੋਣ ਅਤੇ ਉਨ੍ਹਾਂ ਪਰਵਾਰਾਂ 'ਚ ਉਨ੍ਹਾਂ ਦੀ ਪਰਵਰਿਸ਼ ਕੀਤੀ ਗਈ ਹੋਵੇ ਜਿਨ੍ਹਾਂ 'ਚ ਅੰਗਰੇਜ਼ੀ ਤੋਂ ਇਲਾਵਾ ਭਾਸ਼ਾਵਾਂ ਜਾਂ ਬੋਲੀਆਂ 'ਚ ਗੱਲ ਕੀਤੀ ਜਾਂਦੀ ਹੈ, ਜਿਵੇਂ ਆਦਿਵਾਸੀ ਅਤੇ ਟੌਰੇਸ ਸਟ੍ਰੇਟ ਆਈਲੈਂਡਰ ਵਿਦਿਆਰਥੀ ਜਾਂ ਪ੍ਰਵਾਸੀਆਂ ਦੇ ਬੱਚੇ। ਆਸਟ੍ਰੇਲੀਆ ਤੋਂ ਬਾਹਰ ਜਣਮੇ ਵਿਦਿਆਰਥੀਆਂ 'ਚ ਮਾਨਵਤਾਵਾਦੀ ਦਾਖਲ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਪ੍ਰਵਾਸੀ ਸ਼ਾਮਲ ਹਨ।

## ਸਹਾਇਤਾ ਦੀ ਲੋੜ ਵਾਲੇ EAL/D ਸਿਖਿਆਰਥੀਆਂ ਨੂੰ ਪਛਾਣਨਾ

ਭਰਤੀ ਪਰਕਿਰਿਆ ਰਾਹੀਂ ਜਾਂ ਲਗਾਤਾਰ ਕਲਾਸਰੂਮ ਪਰਕਿਰਿਆਵਾਂ ਰਾਹੀਂ ਸਕੂਲ EAL/D ਸਿਖਿਆਰਥੀਆਂ ਦੀ ਪਛਾਣ ਕਰ ਸਕਦੇ ਹਨ।

ਭਰਤੀ ਪਰਕਿਰਿਆ ਦੇ ਦੌਰਾਨ, ਵਿਦਿਆਰਥੀ ਦੀ ਮੁਹਾਰਤ ਦੀ ਭਾਸ਼ਾ ਬਾਰੇ ਸਕੂਲ ਵੱਧ ਤੋਂ ਵੱਧ ਸਬੰਧਤ ਜਾਣਕਾਰੀ ਹਾਸਲ ਕਰਦੇ ਹਨ। ਇਸ ਪਰਕਿਰਿਆ ਤੋਂ EAL/D ਸਿਖਿਆਰਥੀਆਂ ਦੇ ਤੌਰ 'ਤੇ ਕੁਝ ਵਿਦਿਆਰਥੀਆਂ ਦੀ ਫ਼ੌਰਨ ਪਛਾਣ ਕੀਤੀ ਜਾ ਸਕਦੀ ਹੈ।

ਦੂਜੇ EAL/D ਸਿਖਿਆਰਥੀਆਂ ਦੀ ਪਛਾਣ ਸਿਰਫ਼ ਕਲਾਸਰੂਮ 'ਚ ਉਨ੍ਹਾਂ ਦੇ ਵਿਹਾਰਾਂ ਅਤੇ ਭਾਸ਼ਾ ਦੀ ਵਰਤੋਂ ਰਾਹੀਂ ਕੀਤੀ ਜਾ ਸਕਦੀ ਹੈ। ਕਲਾਸ ਟੀਚਰ ਨਿਰੀਖਣ ਅਤੇ, ਪ੍ਰੀਖਿਆ ਦੇ ਨਤੀਜਿਆਂ, ਲਿਖਤੀ ਜਵਾਬਾਂ ਅਤੇ ਵਿਦਿਆਰਥੀਆਂ ਨਾਲ ਇੰਟਰਵਿਊ/ਕਾਨਫਰੰਸਾਂ ਸਮੇਤ, ਕੰਮ ਦੇ ਨਮੂਨਿਆਂ ਦੇ ਵਿਸ਼ਲੇਸ਼ਣ ਦੇ ਮੇਲ ਰਾਹੀਂ EAL/D ਸਿਖਿਆਰਥੀਆਂ ਦੀ ਪਛਾਣ ਕਰਦੇ ਹਨ।

## EAL/D ਸਿਖਿਆਰਥੀਆਂ ਦੀ ਸਹਾਇਤਾ ਕਰਨਾ

ਕਲਾਸਰੂਮ 'ਚ ਕਾਮਯਾਬ ਸਿਖਲਾਈ ਲਈ ਭਾਸ਼ਾ ਦੀ ਬੁਨਿਆਦ ਤਿਆਰ ਕਰਨ ਲਈ EAL/D ਸਿਖਿਆਰਥੀਆਂ ਨੂੰ ਪੜ੍ਹਾਈ ਦੇ ਖ਼ਾਸ ਤਰੀਕਿਆਂ ਦੀ ਲੋੜ ਹੁੰਦੀ ਹੈ ਅਤੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਦੇ ਮੁਤਾਬਕ ਸਕੂਲ ਸਹਾਇਤਾ ਮੁਹੱਈਆ ਕਰਦੇ ਹਨ। ਬੈਂਡਸਕੇਲਸ ਸਟੇਟ ਸਕੂਲਸ (ਕਵੀਨਸਲੈਂਡ) ਦੀ ਵਰਤੋਂ ਰਾਹੀਂ ਸਿੱਖਿਅਕ ਇਨ੍ਹਾਂ ਵਿਦਿਆਰਥੀਆਂ ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਨਿਰਧਾਰਤ ਕਰਦੇ ਹਨ, ਅਤੇ ਕਲਾਸਰੂਮ ਦੇ ਸੰਦਰਭ 'ਚ ਵਿਦਿਆਰਥੀਆਂ ਦੀਆਂ ਭਾਸ਼ਾ-ਸਬੰਧੀ ਖ਼ਾਸ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਿੱਖਿਆ ਮੁਹੱਈਆ ਕਰਦੇ ਹਨ।

ਸੁਣਨ, ਬੋਲਣ, ਪੜ੍ਹਨ ਅਤੇ ਲਿੱਖਣ, ਅਤੇ ਸਕੂਲੀ ਸੰਦਰਭ 'ਚ EAL/D ਸਿਖਿਆਰਥੀ ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰਾਂ ਦੇ ਅਧਾਰ 'ਤੇ ਸਕੂਲ ਮੁਹੱਈਆ ਕੀਤੀ ਜਾਣ ਵਾਲੀ ਸਹਾਇਤਾ ਦੀ ਕਿਸਮ ਬਾਰੇ ਫ਼ੈਸਲੇ ਕਰਦੇ ਹਨ।

EAL/D ਸਿਖਿਆਰਥੀਆਂ ਨੂੰ ਉਨ੍ਹਾਂ ਦੀ ਉਮਰ ਦੇ ਮੁਤਾਬਕ ਆਸਟ੍ਰੇਲੀਆਈ ਪਾਠਕ੍ਰਮ ਪੜ੍ਹਾਇਆ ਜਾਂਦਾ ਹੈ ਅਤੇ EAL/D ਸਿਖਿਆਰਥੀਆਂ ਨੂੰ ਸ਼ਾਮਲ ਕਰਨ ਅਤੇ ਉਮੀਦ ਦੇ ਮੁਤਾਬਕ ਸਿੱਖਿਆ ਹਾਸਲ ਕਰਨ 'ਚ ਉਨ੍ਹਾਂ ਦੀ ਮਦਦ ਕਰਨ ਲਈ ਸਿੱਖਿਅਕ ਵੱਖੋ-ਵੱਖ ਤਰੀਕਿਆਂ ਦੀ ਵਰਤੋਂ ਕਰਦੇ ਹਨ।

## ਮੁਲਾਂਕਣ ਅਤੇ ਰਿਪੋਰਟਿੰਗ

EAL/D ਸਿਖਿਆਰਥੀ ਉਸੇ ਸਮੇਂ ਪਾਠਕ੍ਰਮ ਪੜ੍ਹਦੇ ਹਨ ਜਦੋਂ ਉਹ ਅੰਗਰੇਜ਼ੀ ਸਿੱਖ ਰਹੇ ਹੁੰਦੇ ਹਨ। ਸਮੱਗਰੀ ਦੀ ਸਮਝ ਨਿਰਧਾਰਤ ਕਰਨ ਲਈ, ਸਿੱਖਿਅਕ ਮੁਲਾਂਕਣ ਕਾਰਜ ਮੁਹੱਈਆ ਕਰਦੇ ਹਨ ਜੋ ਸਿਖਿਆਰਥੀਆਂ ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰਾਂ ਦੇ ਮੁਤਾਬਕ ਹੁੰਦੇ ਹਨ। ਉਨ੍ਹਾਂ ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਪੱਧਰਾਂ 'ਤੇ ਨਿਰਭਰ ਕਰਦੇ ਹੋਏ, ਕਾਰਜ ਦੀਆਂ ਭਾਸ਼ਾ-ਸਬੰਧੀ ਚੁਣੌਤੀਆਂ ਘਟਾਈਆਂ ਜਾ ਸਕਦੀਆਂ ਹਨ, ਜਿਸ ਕਰਕੇ ਵਿਦਿਆਰਥੀ ਪਾਠਕ੍ਰਮ ਦੀ ਖ਼ਾਸ ਸਮੱਗਰੀ ਦੀ ਆਪਣੀ ਸਮਝ ਦਾ ਪਰਦਰਸ਼ਨ ਕਰਨ 'ਤੇ ਧਿਆਨ ਦੇ ਸਕਦੇ ਹਨ। ਉਦਾਹਰਨ ਲਈ, ਅੰਗਰੇਜ਼ੀ ਸਿੱਖਣ ਦੇ ਸ਼ੁਰੂਆਤੀ ਪੜਾਆਂ 'ਚ ਮਿਸਾਲਾਂ, ਚਿੱਤਰਾਂ, ਭੂਮਿਕਾ ਨਿਭਾਉਣ ਜਾਂ ਚਰਚਾ ਰਾਹੀਂ ਸਿਖਿਆਰਥੀ ਸਮੱਗਰੀ ਦੀ ਸਮਝ ਦਾ ਪਰਦਰਸ਼ਨ ਕਰ ਸਕਦੇ ਹਨ।

ਵਿਦਿਆਰਥੀਆਂ ਨੂੰ ਪੜ੍ਹਾਏ ਜਾਣ ਵਾਲੇ ਸਾਲ ਦੇ ਪੱਧਰ ਦੇ ਪਾਠਕ੍ਰਮ ਲਈ ਕਾਮਯਾਬੀ ਦੇ ਮਿਆਰ ਦੇ ਮੁਤਾਬਕ ਉਨ੍ਹਾਂ ਦਾ ਮੁਲਾਂਕਣ ਕਰ ਕੇ ਰਿਪੋਰਟ ਦਿੱਤੀ ਜਾਂਦੀ ਹੈ, ਹਾਲਾਂਕਿ, ਜੇ EAL/D ਵਿਦਿਆਰਥੀ ਆਸਟ੍ਰੇਲੀਆਈ ਸਕੂਲੀ ਸਿੱਖਿਆ ਦੇ ਆਪਣੇ ਪਹਿਲੇ 12 ਮਹੀਨਿਆਂ 'ਚ ਹਨ ਉਨ੍ਹਾਂਨੂੰ ਇਸ ਤੋਂ ਛੋਟ ਪ੍ਰਾਪਤ ਹੋ ਸਕਦੀ ਹੈ। ਇਨ੍ਹਾਂ ਵਿਦਿਆਰਥੀਆਂ ਲਈ, ਉਨ੍ਹਾਂ ਦੀਆਂ ਰਿਪੋਰਟਾਂ 'ਚ ਬੈਂਡਸਕੇਲਸ ਸਟੇਟ ਸਕੂਲਸ (ਕਵੀਨਸਲੈਂਡ) ਦੇ ਮੁਤਾਬਕ ਉਨ੍ਹਾਂ ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ, ਅਤੇ ਜੇਕਰ ਉਚਿਤ ਹੋਵੇ, ਤਾਂ ਆਸਟ੍ਰੇਲੀਆਈ ਪਾਠਕ੍ਰਮ ਦੇ ਸਿਖਲਾਈ ਖੇਤਰਾਂ 'ਚ ਕਾਮਯਾਬੀ ਸ਼ਾਮਲ ਹੁੰਦੀ ਹੈ।